© 2026 IJRTI | Volume 11, Issue 4 April 2026 | ISSN: 2456-3315

# ਧਰਤੀਆਂ ਦੇ ਗੀਤ ਸਫ਼ਰਨਾਮਾ : ਪੰਜਾਬੀ ਸਫ਼ਰਨਾਮਾ ਸਾਹਿਤ ਦੇ ਵਿਕਾਸ ਦਾ ਸੂਚਕ

ਡਾ. ਬੇਅੰਤ ਸਿੰਘ ਸਰਾਂ ( ਸਹਾਇਕ ਪ੍ਰੋਫ਼ੈਸਰ)
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ
ਤਰਨ ਤਾਰਨ।
ਈ ਮੇਲ beantsinghsran89@gmail.com

ਸਾਰ (Abstract)

ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਇੱਕ ਮਹੱਤਵਪੂਰਨ ਸਾਹਿਤਕ ਵਿਧਾ ਹੈ। ਸਫ਼ਰਨਾਮਾ ਸਿਰਫ਼ ਯਾਤਰਾ ਦੇ ਵੇਰਵਾ ਨਹੀਂ ਹੁੰਦਾ ਸਗੋਂ ਕਿਸੇ ਦੇਸ਼, ਸਮਾਜ, ਸਭਿਆਚਾਰ ਅਤੇ ਮਨੁੱਖੀ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦਾ ਹੈ। ਪੰਜਾਬੀ ਸਾਹਿਤ ਵਿਚ ਇਸ ਵਿਧਾ ਨੂੰ ਮਜ਼ਬੂਤ ਬਣਾਉਣ ਵਿਚ ਬਰਜਿੰਦਰ ਸਿੰਘ ਹਮਦਰਦ ਦਾ ਵਿਸ਼ੇਸ਼ ਯੋਗਦਾਨ ਹੈ। ਉਸ ਦਾ ਸਫ਼ਰਨਾਮਾ 'ਧਰਤੀਆਂ ਦੇ ਗੀਤ' ਵਿਸ਼ਵ ਦੇ ਕਈ ਦੇਸ਼ਾਂ ਦੀ ਯਾਤਰਾ ਦੌਰਾਨ ਕੀਤੇ ਗਏ ਅਨੁਭਵਾਂ, ਸਮਾਜਕ ਹਕੀਕਤਾਂ ਅਤੇ ਸਭਿਆਚਾਰਕ ਵਿਭਿੰਨਤਾਵਾਂ ਦਾ ਜੀਵੰਤ ਚਿੱਤਰ ਪੇਸ਼ ਕਰਦਾ ਹੈ। ਇਸ ਸਫ਼ਰਨਾਮੇ ਵਿਚ ਲੇਖਕ ਸਿਰਫ਼ ਸਥਾਨਾਂ ਦੀ ਜਾਣਕਾਰੀ ਹੀ ਨਹੀਂ ਦਿੰਦਾ, ਸਗੋਂ ਉਥੇ ਦੇ ਲੋਕਾਂ ਦੀ ਜੀਵਨ-ਸ਼ੈਲੀ, ਸਭਿਆਚਾਰਕ ਪਰੰਪਰਾਵਾਂ, ਆਰਥਿਕ ਹਾਲਤ ਅਤੇ ਸਮਾਜਕ ਸੰਰਚਨਾ ਦਾ ਵੀ ਗਹਿਰਾ ਅਧਿਐਨ ਕਰਦਾ ਹੈ। ਇਸ ਲਈ ਇਹ ਰਚਨਾ ਸਮਾਜਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਬਹੁਤ ਮਹੱਤਵ ਦੀ ਧਾਰਨੀ ਹੋਣ ਦੇ ਨਾਲ ਨਾਲ ਪੰਜਾਬੀ ਸਫ਼ਰਨਾਮਾ ਸਾਹਿਤ ਦੀ ਵਿਕਾਸ ਰੇਖਾ ਵਿਚ ਯੋਗਦਾਨ ਪਾਉਂਦਾ ਹੈ।

ਕੀਵਰਡ: ਸਫ਼ਰਨਾਮਾ, ਸਮਾਜਕ ਮੁੱਲ, ਆਰਥਿਕ ਸਥਿਤੀ, ਸਭਿਆਚਰਕ ਜੀਵਨ, ਰਸਮਾਂ, ਸਮਾਜਕ ਚੇਤਨਾ, ਰਾਸ਼ਟਰੀ ਭਾਵਨਾ।

ਬਰਜਿੰਦਰ ਸਿੰਘ ਹਮਦਰਦ ਪੰਜਾਬੀ ਸਾਹਿਤ ਦੇ ਲੇਖਕ, ਪੱਤਰਕਾਰ ਅਤੇ ਸੰਪਾਦਕ ਵਜੋਂ ਵਿਸ਼ੇਸ਼ ਪਛਾਣ ਰੱਖਦੇ ਹਨ। ਉਨ੍ਹਾਂ ਦੀਆਂ ਲਿਖਤਾਂ ਵਿਚ ਸਮਾਜਕ ਚੇਤਨਾ, ਰਾਸ਼ਟਰੀ ਭਾਵਨਾ ਅਤੇ ਮਨੁੱਖਤਾ ਦਾ ਸੁੰਦਰ ਸੁਮੇਲ ਮਿਲਦਾ ਹੈ। ਲੇਖਕ ਨੇ ਸਫ਼ਰਨਾਮੇ, ਲੇਖ, ਕਵਿਤਾਵਾਂ ਅਤੇ ਸੰਪਾਦਕੀ ਲੇਖ ਵੀ ਲਿਖੇ ਹਨ। ਉਸਦੇ ਸਫ਼ਰਨਾਮਿਆਂ ਵਿਚ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਸਮਾਜਕ ਅਤੇ ਸਭਿਆਚਾਰਕ ਪੱਖਾਂ ਨੂੰ ਵਿਸਥਾਰ ਰੂਪਮਾਨ ਕਰਦੇ ਹਨ।

ਜਦੋਂ ਕੋਈ ਲੇਖਕ ਸਫ਼ਰਨਾਮਾ ਲਿਖਦਾ ਹੈ ਤਾਂ ਆਪਣੇ ਯਾਤਰਾ ਦੇ ਅਨੁਭਵਾਂ ਨੂੰ ਰਚਨਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਇਸ ਵਿਚ ਕੁਝ ਤੱਤ ਜਰੂਰ ਹੋਣੇ ਚਾਹੀਦੇ ਹਨ ਜਿਵੇਂ ਕਿ ਯਾਤਰਾ ਦਾ ਵਰਣਨ, ਸਮਾਜਕ , ਆਰਥਿਕ ਹਾਲਤਾਂ ਦਾ ਅਧਿਐਨ, ਸਭਿਆਚਾਰਕ ਵਿਸ਼ਲੇਸ਼ਣ ਆਦਿ। ਧਰਤੀਆਂ ਦੇ ਗੀਤ ਸਫ਼ਰਨਾਮਾ ਵਿੱਚ ਇਹ ਤੱਤ ਪੂਰੀ ਤਰ੍ਹਾਂ ਮੌਜੂਦ ਹਨ। ਲੇਖਕ ਜਿੱਥੇ-ਜਿੱਥੇ ਗਿਆ, ਉਥੋਂ ਦੀਆਂ ਰਿਵਾਇਤਾਂ, ਲੋਕ ਜੀਵਨ ਅਤੇ ਸਭਿਆਚਾਰਕ ਰੂਪਾਂ ਨੂੰ ਬੜੀ ਹੀ ਡੂੰਘਾਈ ਨਾਲ ਵੇਖਦਾ ਤੇ ਸਫ਼ਰਨਾਮੇ ਦਾ ਅੰਗ ਬਣਾਉਂਦਾ ਹੈ। ਸਫ਼ਰਨਾਮੇ ਦੇ ਸਿਧਾਂਤਕ ਪੱਖ ਬਾਰੇ ਈਸ਼ਰ ਸਿੰਘ ਤਾਂਘ ਲਿਖਦੇ ਹਨ:

"ਸਫ਼ਰਨਾਮਾ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਹੜਾ ਯਾਤਰਾਵਾਂ ਨਾਲ ਸਬੰਧਤ ਹੈ। ਉਸ ਵਿਚ ਉਸ ਦੇਸ਼ ਦੇ ਭੂਗੋਲਿਕ ਵਾਤਾਵਰਨ ਤੋਂ ਇਲਾਵਾ ਰੀਤਾਂ ਰਸਮਾਂ, ਹਾਸਿਆਂ, ਖੇਡਾਂ, ਸਮਾਜਕ ਮੁੱਲਾਂ, ਰਾਜਨੀਤਕ ਅਵਸਥਾ, ਧਾਰਮਿਕ ਵਿਸ਼ਵਾਸਾਂ, ਜੀਵਨ ਪੱਧਰ ਬਾਰੇ ਗਹਿਰੀ ਇਤਿਹਾਸਕ ਤੇ ਸਭਿਆਚਾਰਕ ਚਰਚਾ ਹੁੰਦੀ ਹੈ।" [1]

ਡਾ. ਕੁਲਬੀਰ ਸਿੰਘ ਕਾਂਗ ਲਿਖਦੇ ਹਨ, "ਸਫ਼ਰਨਾਮਾ ਨਿੱਜੀ ਘਟਨਾਵਾਂ ਦਾ ਸੰਗ੍ਰਹਿ ਮਾਤਰ ਹੀ ਨਹੀਂ , ਇਹ ਤਾਂ ਇਕ ਦੇਸ਼ ਤੇ ਦੇਸ਼ ਦੀ ਸੰਸਕ੍ਰਿਤੀ ਤੇ ਸਭਿਅਤਾ ਦਾ ਇਤਿਹਾਸ ਲਿਖਣਾ ਹੈ ਜੋ ਸਦੀਆਂ ਤਕ ਹਵਾਲਾ ਪੁਸਤਕ ਬਣ ਸਕਦਾ ਹੈ।"[2]

ਧਰਤੀਆਂ ਦੇ ਗੀਤ ਸਫ਼ਰਨਾਮਾ ਵੱਖ-ਵੱਖ ਦੇਸ਼ਾਂ ਦੀ ਯਾਤਰਾ ਦਾ ਵੇਰਵਾ ਹੀ ਨਹੀਂ ਦਿੰਦਾ ਹੈ ਬਲਕਿ ਲੇਖਕ ਹਰ ਸਥਾਨ ਦੇ ਭੂਗੋਲਿਕ, ਸਮਾਜਕ ਅਤੇ ਸਭਿਆਚਾਰਕ ਪੱਖਾਂ ਨੂੰ ਰੂਪਕ ਅਤੇ ਸੰਵੇਦਨਸ਼ੀਲ ਭਾਸ਼ਾ ਵਿੱਚ ਪੇਸ਼ ਕਰਦਾ ਹੈ ਜਿਵੇਂ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੀ ਜੀਵਨ ਸ਼ੈਲੀ, ਸਭਿਆਚਾਰਕ ਪਰੰਪਰਾਵਾਂ,ਆਰਥਿਕ ਅਤੇ ਸਮਾਜਕ ਹਾਲਾਤ, ਮਨੁੱਖੀ ਰਿਸ਼ਤੇ ਅਤੇ ਮੁੱਲ। ਮਿਸਾਲ ਵਜੋਂ : ਬੈਂਕਾਕ ਸ਼ਹਿਰ ਦੇ ਲੋਕਾਂ ਦੀ ਜੀਵਨ ਸ਼ੈਲੀ ਬਾਰੇ ਲਿਖਦਾ ਹੈ:

"ਬੈਂਕਾਕ ਰਾਤ ਦੀਆਂ ਬਾਹਾਂ ਵਿਚ ਧੜਕਦਾ ਹੈ। ਜਿਵੇਂ ਜਿਵੇਂ ਹਨੇਰਾ ਪੈਂਦਾ ਜਾਂਦਾ ਹੈ, ਬੈਂਕਾਕ ਦੀਆਂ ਰੰਗੀਨੀਆਂ ਉੱਭਰਦੀਆਂ ਆਉਂਦੀਆਂ ਹਨ। ਦਿਨ ਸਮੇਂ ਇਸ ਸ਼ਹਿਰ ਵਿਚ ਵਪਾਰਕ ਰੁਝੇਵਾਂ ਦਿਖਦਾ ਹੈ, ਰਾਤ ਸਮੇਂ ਰੰਗਾਂ ਦੀ ਮਹਿਫ਼ਿਲ□ ਰਾਤ ਕਿਸੇ ਵੀ ਸੜਕ ਤੋਂ ਗੁਜਰ ਜਾਓ, ਨਿੱਕੇ ਨਿੱਕੇ ਰੈਸਤੋਰਾਂ ਵਿਚ ਵੀ ਰਾਗ ਰੰਗ ਦੀ ਮਹਿਫ਼ਿਲ ਚਲ ਰਹੀ ਹੁੰਦੀ ਹੈ ਲੋਕ ਖ਼ੂਬ ਖਾਂਦੇ ਪੀਂਦੇ ਤੇ ਡਾਂਸ ਕਰਦੇ ਹੋਏ ਸਭ ਕੁਝ ਭੁੱਲ ਜਾਂਦੇ ਹਨ। ਜੇਕਰ ਬੈਂਕਾਕ ਦੀਆਂ ਸਿਰਫ ਰਾਤਾਂ ਦੀਆਂ ਰੰਗੀਨੀਆਂ ਹੀ ਵੇਖੀਆਂ ਜਾਣ ਤਾਂ ਥਾਈ ਵਾਸੀਆਂ ਦੇ ਬੁੱਧ ਮਤ ਦੇ ਧਾਰਨੀ ਹੋਣ ' ਸ਼ੱਕ ਹੋਣ ਲੱਗਦਾ ਹੈ। ਜਿਸਮ ਫਰੋਸ਼ੀ ਦਾ ਧੰਦਾ ਵੀ ਖੁੱਲ੍ਹੇ ਰੂਪ ਵਿਚ ਚਲਦਾ ਹੈ।"[3]

ਇਸ ਸਫ਼ਰਨਾਮੇ ਵਿਚ ਲੇਖਕ ਮਨੁੱਖੀ ਜੀਵਨ ਦਾ ਚਿੱਤਰ ਪੇਸ਼ ਕਰਦਾ ਹੈ □ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੇ ਜੀਵਨ ਨੂੰ ਬਹੁਤ ਨੇੜੇ ਤੋਂ ਵੇਖਦਾ ਹੈ। ਲੇਖਕ ਸਪੱਸ਼ਟ ਕਰਦਾ ਹੈ ਕਿ ਭਾਵੇਂ ਲੋਕ ਵੱਖ-ਵੱਖ ਦੇਸ਼ਾਂ ਵਿਚ ਰਹਿੰਦੇ ਹਨ ਪਰ ਮਨੁੱਖੀ ਭਾਵਨਾਵਾਂ ਹਰ ਜਗ੍ਹਾ ਇੱਕੋ ਜਿਹੀਆਂ ਹੁੰਦੀਆਂ ਹਨ। ਲੇਖਕ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ, ਖੁਸ਼ੀਆਂ ਅਤੇ ਦੁੱਖਾਂ ਨੂੰ ਸੰਵੇਦਨਸ਼ੀਲ ਢੰਗ ਨਾਲ ਦਰਸਾਉਂਦਾ ਹੈ। ਸਫ਼ਰਨਾਮੇ ਵਿਚ ਵੱਖ-ਵੱਖ ਸਮਾਜਾਂ ਦੀ ਸੰਰਚਨਾ ਦਾ ਵੀ ਜ਼ਿਕਰ ਹੈ। ਲੇਖਕ ਦੱਸਦਾ ਹੈ ਕਿ ਹਰ ਸਮਾਜ ਦੀ ਆਪਣੀ ਵੱਖਰੀ ਪ੍ਰਣਾਲੀ ਹੁੰਦੀ ਹੈ। ਕਿਤੇ ਪਰਿਵਾਰਕ ਪ੍ਰਣਾਲੀ ਮਜ਼ਬੂਤ ਹੈ ਤੇ ਕਿਤੇ ਵਿਅਕਤੀਗਤ ਆਜ਼ਾਦੀ ਨੂੰ ਵਧੇਰੇ ਮਹੱਤਵ ਮਿਲਦਾ ਹੈ। ਲੇਖਕ ਅੰਡੇਮਾਨ ਨਿਕੋਬਾਰ ਦੇ ਓਂਗੀ ਕਬੀਲੇ ਦੀ ਪਰਿਵਾਰ ਦੇ ਢਾਂਚੇ ਦਾ ਜਿਕਰ ਕਰਦਾ ਹੈ:

"ਅਸੀਂ ਜੰਗੀ ਰਸਤੇ ਥਾਣੀਂ ਹਟਵੇਂ ' ਬਣੀ ਓਂਗਿਆ ਦੀ ਬਸਤੀ ਵੱਲ ਵੱਧ ਰਹੇ ਹਾਂ।... ਔਰਤ ਮਰਦ ਬੱਚੇ ਇਕੱਠੇ ਰਹਿੰਦੇ ਹਨ। ਓਂਗੀ ਮਰਦ ਵੀ ਆਪਣੀ ਬੀਵੀਆਂ ਨੂੰ ਬਹੁਤ ਪਿਆਰ ਕਰਦੇ ਹਨ ਇਸ ਟਾਪੂ ਉੱਤੇ ਕੁਝ ਘੰਟਿਆਂ ਦੇ ਕਿਆਮ ਦੌਰਾਨ ਮੈਂ ਕਈ ਓਂਗੀ ਮਰਦ ਵੇਖੇ ਜੋ ਆਪਣੀਆਂ ਔਰਤਾਂ ਨਾਲ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਗੂੜ੍ਹੇ ਪਿਆਰ ਦਾ ਪ੍ਰਗਟਾਵਾ ਕਰ ਰਹੇ ਸਨ।ਇਕ ਓਂਗੀ ਮਰਦ ਜਿੱਧਰ ਵੀ ਉਸਦੀ ਔਰਤ ਜਾਂਦੀ , ਉਸਦੇ ਮਗਰ ਮਗਰ ਕੋਈ ਗਾਉਂਦਾ ਹੋਇਆ ਤੁਰਿਆ ਜਾਂਦਾ।"[4]

ਲੇਖਕ ਵੱਖ-ਵੱਖ ਦੇਸ਼ਾਂ ਦੀ ਆਰਥਿਕ ਸਥਿਤੀ ਦਾ ਵੀ ਵਿਸ਼ਲੇਸ਼ਣ ਕਰਦਾ ਹੈ। ਉਹ ਇਹ ਵੀ ਉਜਾਗਰ ਕਰਦਾ ਹੈ ਕਿ ਕਿਵੇਂ ਆਰਥਿਕ ਪ੍ਰਗਤੀ ਕਿਸੇ ਸਮਾਜ ਦੀ ਜੀਵਨ ਸ਼ੈਲੀ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੀ ਹੈ। ਕੁਝ ਦੇਸ਼ ਆਰਥਿਕ ਤੌਰ

ਤੇ ਮਜ਼ਬੂਤ ਹਨ ਜਿੱਥੇ ਲੋਕਾਂ ਦੀ ਜੀਵਨ ਸ਼ੈਲੀ ਆਰਾਮਦਾਇਕ ਹੈ, ਜਦਕਿ ਕੁਝ ਥਾਵਾਂ ਤੇ ਗਰੀਬੀ ਅਤੇ ਸੰਘਰਸ਼ ਵੀ ਵੇਖਣ ਨੂੰ ਮਿਲਦਾ ਹੈ "ਫਿਲਪਾਈਨਜ਼ ਵਖਰੇਵਿਆਂ ਭਰਪੂਰ ਦੇਸ਼ ਹੈ। ਮਨੀਲਾ ਅਤੇ ਇਸਦੇ ਆਲੇ ਦੁਆਲੇ ਦੇ ਕੁਝ ਇਲਾਕੇ ਜੇਕਰ ਬਹੁਤ ਸੁੰਦਰ ਅਤੇ ਖੁੱਲ੍ਹੇ ਡੁੱਲ੍ਹੇ ਹਨ ਤਾਂ ਦੂਸਰੇ ਇਲਾਕੇ ਕਾਫ਼ੀ ਭੱਦੇ , ਗੰਦੇ ਅਤੇ ਭੀੜੇ ਹਨ। ਜੇਕਰ ਕੁਝ ਥਾਵਾਂ 'ਤੇ ਅਮੀਰੀ ਤੇ ਸ਼ਾਨੋ - ਸ਼ੌਕਤ ਦਾ ਪ੍ਰਭਾਵ ਹੈ ਤਾਂ ਹੋਰ ਬਹੁਤੀਆਂ ਥਾਵਾਂ ਉਤੇ ਗ਼ੁਰਬਤ ਆਪਣਾ ਪਸਾਰਾ ਖਿਲਾਰੀ ਬੈਠੀ ਦਿਸਦੀ ਹੈ। ਦੂਸਰੇ ਪਾਸੇ ਸੜਕਾਂ 'ਤੇ ਲੱਗੀਆਂ ਬੇਸ਼ੁਮਾਰ ਹਟੀਆਂ ਹੀ ਨਜ਼ਰੀਂ ਪੈਂਦੀਆਂ ਹਨ। ਸੁੰਦਰ ਇਮਾਰਤਾਂ ਤੋਂ ਅਗਾਂਹ ਤੁਰੋ ਤਾਂ ਝੁੱਗੀ ਝੋਪੜੀ ਦਾ ਵੀ ਕੋਈ ਅੰਤ ਨਹੀਂ □"[5]

ਸਫ਼ਰਨਾਮੇ ਵਿੱਚ ਲੇਖਕ ਵੱਖ-ਵੱਖ ਦੇਸ਼ਾਂ ਦੀਆਂ ਰਸਮਾਂ ਅਤੇ ਰਿਵਾਇਤਾਂ ਦਾ ਵਿਸਥਾਰ ਨਾਲ ਵਰਣਨ ਕਰਦਾ ਹੈ। ਸਮਾਜ ਤੋਂ ਬਿਨਾਂ ਸਭਿਆਚਾਰ ਨਹੀ ਹੋ ਸਕਦਾ ਅਤੇ ਸਭਿਆਚਾਰ ਕਿਸੇ ਵੀ ਸਮਾਜ ਦੀ ਪਹਿਚਾਣ ਹੁੰਦਾ ਹੈ। ਹਰ ਦੇਸ਼ ਦੀਆਂ ਆਪਣੀਆਂ ਸਭਿਆਚਾਰਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਉਸਨੂੰ ਦੂਜਿਆਂ ਤੋਂ ਵੱਖਰਾ ਬਣਾਉਂਦੀਆਂ ਹਨ। ਲੇਖਕ ਜਾਪਾਨ ਨੂੰ ਆਧੁਨਿਕ ਵਿਕਸਤ ਦੇਸ਼ ਹੋਣ ਦੇ ਨਾਲ ਆਪਣੀਆਂ ਪਰੰਪਰਾਵਾਂ ਨੂੰ ਜਿੰਦਾ ਰੱਖਣ ਵਾਲਾ ਦੇਸ਼ ਕਹਿੰਦਾ ਹੈ: "ਆਖ਼ਰ ਮੁਲਕ ਦੀ ਤੋਰ ਵਿਚ ਉਸਦੇ ਨਾਗਰਿਕਾਂ ਤੋਂ ਬਗ਼ੈਰ ਕਿਸ ਦਾ ਹੱਥ ਹੋ ਸਕਦਾ ਹੈ? ਜਾਪਾਨ ਭਾਵੇਂ ਪੂਰੀ ਤਰ੍ਹਾਂ ਸਨਅਤੀ ਮੁਲਕ ਦੇ ਰੂਪ ਵਿਚ ਵਿਕਸਤ ਹੋ ਚੁੱਕਾ ਹੈ ਪਰ ਉਸਨੇ ਆਪਣੀਆਂ ਮਾਨਤਾਵਾਂ ਨੂੰ ਤਿਲਾਂਜਲੀ ਨਹੀਂ ਦਿੱਤੀ ਅਤੇ ਨਾ ਹੀ ਉਸ ਨੇ ਅੰਧਾ ਧੁੰਦ ਯੂਰਪੀ ਮੁਲਕਾਂ ਦੇ ਰਸਮੋ ਰਿਵਾਜ ਨੂੰ ਅਪਣਾਇਆ ਹੈ।"[6]

ਇਸ ਸਫ਼ਰਨਾਮੇ ਦਾ ਸਭ ਤੋਂ ਮਹੱਤਵਪੂਰਨ ਪੱਖ ਮਨੁੱਖਤਾ ਦਾ ਸੁਨੇਹਾ ਹੈ। ਸਫ਼ਰਨਾਮਾ ਪੜ ਕੇ ਪਤਾ ਲੱਗਦਾ ਹੈ ਕਿ ਦੁਨੀਆ ਦੇ ਲੋਕ ਭਾਵੇਂ ਵੱਖ-ਵੱਖ ਦੇਸ਼ਾਂ ਅਤੇ ਸਭਿਆਚਾਰਾਂ ਨਾਲ ਸਬੰਧਤ ਹਨ ਪਰ ਉਹਨਾਂ ਵਿਚ ਮਨੁੱਖੀ ਭਾਵਨਾਵਾਂ ਇੱਕੋ ਜਿਹੀਆਂ ਹੁੰਦੀਆਂ ਹਨ। ਧਰਤੀਆਂ ਦੇ ਗੀਤ ਸਫ਼ਰਨਾਮਾ ਪਾਠਕ ਨੂੰ ਵਿਸ਼ਵ ਭਰ ਦੇ ਲੋਕਾਂ ਨਾਲ ਸਾਂਝ ਅਤੇ ਭਾਈਚਾਰਕ ਸਾਂਝ ਦੀ ਪ੍ਰੇਰਣਾ ਦਿੰਦਾ ਹੈ। "ਸਿੰਘਾਪੁਰ ਵਿਚ ਅਜਿਹੀ ਕੋਈ ਸਮੱਸਿਆ ਨਹੀਂ। ਆਮ ਲੋਕ ਇੱਥੇ ਵਧੀਆ ਜ਼ਿੰਦਗੀ ਬਿਤਾਉਂਦੇ ਹਨ ਅਤੇ ਸੰਤੁਸ਼ਟ ਜਾਪਦੇ ਹਨ। ਚੀਨੀਆਂ ਦੀ ਬਹੁਗਿਣਤੀ ਦੇ ਨਾਲ 15 ਪ੍ਰਤੀਸ਼ਤ ਦੇ ਲਗਭਗ ਮਲਾਈ, 7 ਪ੍ਰਤੀਸ਼ਤ ਦੇ ਲਗਭਗ ਭਾਰਤੀ ਅਤੇ ਪਾਕਸਤਾਨੀ ਅਤੇ ਕੁਝ ਹੋਰ ਦੇਸ਼ਾਂ ਦੇ ਲੋਕ ਵੱਸੇ ਹੋਏ ਹਨ, ਅੰਗਰੇਜ਼ੀ , ਮਲਾਈ ਅਤੇ ਕਨਫੂਸ਼ੀਅਨ ਧਰਮਾਂ ਦੇ ਲੋਕ ਇਥੇ ਰਹਿੰਦੇ ਹਨ। ਵੱਖ ਵੱਖ ਮੂਲ, ਧਰਮ ਅਤੇ ਜੁਬਾਨਾਂ ਦੇ ਹੁੰਦੇ ਹੋਏ ਵੀ ਇਹਨਾਂ ਵਿਚ ਕੋਈ ਗੰਭੀਰ ਤਣਾਓ ਦਿਖਾਈ ਨਹੀਂ ਦਿੰਦਾ। ਸਾਰੇ ਆਪਣੇ ਕੰਮੀ ਰੁੱਝੇ , ਵਧੀਆ ਜੀਵਨ ਦਾ ਸੁਆਦ ਮਾਣਦੇ ਜਾਪਦੇ ਹਨ।" [7]

ਧਰਤੀਆਂ ਦੇ ਗੀਤ ਸਫ਼ਰਨਾਮਾ ਦੀ ਭਾਸ਼ਾ ਬਹੁਤ ਹੀ ਸਰਲ, ਸੁੰਦਰ ਅਤੇ ਪ੍ਰਭਾਵਸ਼ਾਲੀ ਹੈ। ਲੇਖਕ ਨੇ ਰੂਪਕਾਂ ਅਤੇ ਚਿੱਤਰਾਤਮਕ ਸ਼ੈਲੀ ਦਾ ਬਹੁਤ ਸੁੰਦਰ ਪ੍ਰਯੋਗ ਕੀਤਾ ਹੈ। ਉਸਦੀ ਲਿਖਤ ਵਿੱਚ ਪੱਤਰਕਾਰਤਾ ਦੀ ਸਪੱਸ਼ਟਤਾ ਅਤੇ ਸਾਹਿਤਕ ਸੁੰਦਰਤਾ ਦੋਵੇਂ ਮਿਲਦੇ ਹਨ। ਇਕ ਵਾਰ ਇਹ ਸਫ਼ਰਨਾਮਾ ਪੜ੍ਹਨ ਬੈਠੋ ਤਾਂ ਹੋਰ ਜਾਨਣ ਦੀ ਜਗਿਆਸਾ ਵੱਧਦੀ ਜਾਂਦੀ ਹੈ। ਉਸਦੀ ਸ਼ੈਲੀ ਕੁੱਜੇ ਵਿਚ ਸਮੁੰਦਰ ਭਰਨ ਭਰਨ ਵਾਲੀ ਹੈ:

- "ਬੈਂਕਾਕ ਬਹੁਤੀਆਂ ਕਾਰਾਂ, ਬਹੁਤੇ ਬੋਧੀ ਮੰਦਰਾਂ ਅਤੇ ਬਹੁਤੀਆਂ ਜਨਾਨੀਆਂ ਵਾਲਾ ਸ਼ਹਿਰ ਹੈ □
- ਸਿੰਘਾਪੁਰ ਹੈਰਾਨੀ ਦੀ ਹੱਦ ਤਕ ਸਾਫ਼ ਹੈ।

- ਬਹੁਤ ਸਾਰੇ ਪ੍ਰਸਿੱਧ ਅਰਥ ਸ਼ਾਸਤਰੀਆਂ ਨੇ 21ਵੀਂ ਸਦੀ ਨੂੰ ਜਾਪਾਨ ਦੀ ਸਦੀ ਕਿਹਾ ਹੈ।"[8]

ਨਿਰਸੰਦੇਹ ਧਰਤੀਆਂ ਦੇ ਗੀਤ ਸਫ਼ਰਨਾਮਾ ਪੰਜਾਬੀ ਸਫ਼ਰਨਾਮਾ ਸਾਹਿਤ ਦੇ ਵਿਕਾਸ ਦਾ ਸੂਚਕ ਕਿਹਾ ਜਾ ਸਕਦਾ ਹੈ। ਇਸ ਦੀ ਮਹੱਤਤਾ ਇਸ ਕਰਕੇ ਵੀ ਬਣਦੀ ਕਿ ਇਹ ਸਫ਼ਰਨਾਮਾ ਵਿਸ਼ਵ ਦੇ ਵੱਖ-ਵੱਖ ਸਭਿਆਚਾਰਾਂ ਦੀ ਜਾਣਕਾਰੀ, ਸਮਾਜਕ ਅਧਿਐਨ ਦੀ ਗਹਿਰਾਈ, ਮਨੁੱਖੀ ਏਕਤਾ ਅਤੇ ਭਾਈਚਾਰੇ ਦਾ ਸੁਨੇਹਾ ਦਿੰਦਾ ਹੈ" ਨਰੋਏ ਸਫ਼ਰ ਦੀ ਖ਼ੂਬਸੂਰਤੀ ਇਹੋ ਹੈ ਕਿ ਉਹ ਮਨੁੱਖ ਦੀਆਂ ਮਨੁੱਖ ਨਾਲ ਪਈਆਂ ਵਿੱਥਾਂ ਨੂੰ ਮੇਸਦਾ ਤੇ ਧਰਤੀ ਦੇ ਹਰ ਹਿੱਸੇ ਵਿਚ ਸਾਂਝ ਦੇ ਫੁੱਲ ਖਿੜਾਉਂਦਾ, ਜਿੰਦਗੀ ਮਹਿਕਾਉਂਦਾ ਜਾਂਦਾ ਹੈ। ਨਰੋਆ ਸਫ਼ਰਨਾਮਾ ਪਾਠਕ ਅੰਦਰ ਅਜਿਹੇ ਸਫ਼ਰ ਦੀ ਤਾਂਘ ਉਪਜਾਉਂਦਾ ਅਤੇ ਆਪਣੇ ਸ਼ਬਦਾਂ ਦੀ ਜਾਦੂਗਰੀ ਸਦਕਾ, ਪਾਠਕ ਨੂੰ ਅਣਡਿੱਠੀਆਂ ਧਰਤੀਆਂ ਦੇ ਗੀਤ ਸਣਾਉਣ ਦੇ ਸਮਰੱਥ ਬਣਦਾ ਹੈ।"[9]

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਧਰਤੀਆਂ ਦੇ ਗੀਤ ਸਫ਼ਰਨਾਮਾ ਸਿਰਫ਼ ਇੱਕ ਯਾਤਰਾ ਦਾ ਵਰਣਨ ਨਹੀਂ, ਸਗੋਂ ਇੱਕ ਅਜਿਹਾ ਸਮਾਜਕ ਅਤੇ ਸਭਿਆਚਾਰਕ ਅਧਿਐਨ ਹੈ ਜਿਸ ਵਿਚ ਬਰਜਿੰਦਰ ਸਿੰਘ ਹਮਦਰਦ ਨੇ ਆਪਣੀ ਯਾਤਰਾ ਦੇ ਅਨੁਭਵਾਂ ਰਾਹੀਂ ਵਿਸ਼ਵ ਦੇ ਵੱਖ-ਵੱਖ ਸਮਾਜਾਂ ਅਤੇ ਸਭਿਆਚਾਰਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਜਾਗਰ ਕੀਤਾ ਹੈ। ਇਹ ਸਫ਼ਰਨਾਮਾ ਪਾਠਕ ਨੂੰ ਸਿਰਫ਼ ਜਾਣਕਾਰੀ ਦੇਣ ਤੱਕ ਸੀਮਤ ਨਹੀਂ , ਸਗੋਂ ਮਨੁੱਖਤਾ, ਸਹਿਯੋਗ ਅਤੇ ਵਿਸ਼ਵ ਭਾਈਚਾਰੇ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਲਈ ਧਰਤੀਆਂ ਦੇ ਗੀਤ ਸਫ਼ਰਨਾਮਾ ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਇੱਕ ਮਹੱਤਵਪੂਰਨ ਵਾਧਾ ਕਰਦਾ ਹੈ।

## ਹਵਾਲੇ

1. ਡਾ. ਰਛਪਾਲ ਕੌਰ, ਪੰਜਾਬੀ ਸਫ਼ਰਨਾਮਾ, ਸਰੂਪ , ਸਿਧਾਂਤ ਤੇ ਵਿਕਾਸ , ਪਬਲੀਕੇਸ਼ਨਜ਼ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 6

2. ਡਾ.ਕੁਲਬੀਰ ਸਿੰਘ ਕਾਂਗ, ਆਧੁਨਿਕ ਸਾਹਿਤ ਸਿਧਾਂਤ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980, ਪੰਨਾ 42

3. ਬਰਜਿੰਦਰ ਸਿੰਘ ਹਮਦਰਦ, ਧਰਤੀਆਂ ਦੇ ਗੀਤ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2023, ਪੰਨਾ 13

4. ਓਹੀ, ਪੰਨਾ 49

5. ਓਹੀ, ਪੰਨਾ 19

6. ਓਹੀ, ਪੰਨਾ 33

7. ਓਹੀ, ਪੰਨਾ 24

8.ਓਹੀ, ਪੰਨਾ 09

9. ਡਾ. ਜਤਿੰਦਰ ਸਿੰਘ ਜੌਲੀ, ਧਰਤੀਆਂ ਦੇ ਗੀਤ ਸਫ਼ਰਨਾਮਾ ਦੀ ਭੂਮਿਕਾ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2023,ਪੰਨਾ 10